**ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ,**

**ਪੰਜਾਬ ਸਮੱਗਰਾ ਸਿੱਖਿਆ ਅਭਿਆਨ, ਪੰਜਾਬ।**

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਮੋਹਾਲੀ ਪੰਜਾਬ,

**ਅਤਿ ਜਰੂਰੀ**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)
ਪੰਜਾਬ।

ਮੀਮੋ ਨੰ. ਸਸਅ/ਸਿਵਲ ਵਰਕਸ/2023/ 55947
ਮਿਤੀ, ਸਅਸ ਨਗਰ 28.02.2023

**ਵਿਸ਼ਾ:-** **ਸਮੱਗਰਾ ਸਿੱਖਿਆ ਅਭਿਆਨ ਦੇ ਸਲਾਨਾ ਪਲਾਨ 2022-23 ਅਧੀਨ ਸਿਵਲ ਵਰਕਸ ਤਹਿਤ ਪ੍ਰਵਾਨ ਹੋਈ ਵੱਖ-ਵੱਖ ਗਤੀਵਿਧੀਆਂ (Fresh & Spillover) ਲਈ ਜਾਰੀ ਕੀਤੀ ਗਈ ਰਾਸ਼ੀ ਖਰਚ ਕਰਨ ਸਬੰਧੀ।**

**ਹਵਾਲਾ:** **ਇਸ ਦਫਤਰ ਦੇ ਪੱਤਰ ਨੰ. ਸਸਅ/ਸਿਵਲ ਵਰਕਸ/2023/26634 ਮਿਤੀ 30.01.2023**

1.0 ਹਵਾਲਾ ਅਧੀਨ ਪੱਤਰ ਰਾਹੀ ਆਪ ਜੀ ਨੂੰ ਸਮੱਗਰਾ ਸਿੱਖਿਆ ਅਧੀਨ ਸਿਵਲ ਵਰਕਸ ਦੀ ਵੱਖ-ਵੱਖ ਗਤੀਵਿਧੀਆਂ Fresh (ਵਾਧੂ ਕਲਾਸਰੂਮ, ਲਾਇਬ੍ਰੇਰੀ, ਆਰਟ ਐਂਡ ਕਰਾਫਟ ਰੂਮ ਪੀਣ ਯੋਗ ਪਾਣੀ ਦੀ ਸੁਵਿਧਾ, ਟੁਆਇਲਾਂ ਦੀ ਰਿਪੇਅਰ ਅਤੇ ਮੇਜਰ ਰਿਪੇਅਰ) ਅਤੇ ਬਤੌਰ Spillover (ਵਾਧੂ ਕਲਾਸਰੂਮ, ਲਾਇਬ੍ਰੇਰੀ, ਅਪੱਗ੍ਰੇਡਡ ਸਕੂਲਾਂ, ਮੇਜਰ ਰਿਪੇਅਰ) ਲਈ ਸਕੂਲਾਂ ਨੂੰ ਜਾਰੀ ਕੀਤੀ ਗਈ ਗ੍ਰਾਂਟਾਂ ਨੂੰ ਮਿਤੀ 15-02-2023 ਤੱਕ ਖਰਚ ਅਤੇ ਉਸਾਰੀ ਦੇ ਕੰਮ ਸਮੇਂ ਸਿਰ ਮੁਕੰਮਲ ਕਰਵਾ ਕੇ ਇਨ੍ਹਾਂ ਦੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ। ਪਰੰਤੂ ਆਪ ਜੀ ਪਾਸੋਂ ਪ੍ਰਾਪਤ ਪ੍ਰਗਤੀ ਰਿਪੋਰਟ ਅਨੁਸਾਰ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ ਨੂੰ ਵੱਖ-ਵੱਖ ਗਤੀਵਿਧੀਆਂ ਦੀ ਉਸਾਰੀਆਂ/ਮੁਰੰਮਤ ਲਈ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ ਅਜੇ ਤੱਕ ਖਰਚ ਨਹੀ ਕੀਤੀਆਂ ਗਈਆਂ ਹਨ। ਇਸ ਦਾ ਉੱਚ ਅਧਿਕਾਰੀਆਂ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।

2.0 ਆਪ ਜੀ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਆਪਣੀ ਨਿੱਜੀ ਤਵਜੋਂ ਦਿੰਦੇ ਹੋਏ ਸਬੰਧਤ ਪ੍ਰਵਾਨਿਤ ਸਕੂਲਾਂ ਨੂੰ ਜਾਰੀ ਕੀਤੀ ਗਈ ਉਸਾਰੀ/ਮੁਰੰਮਤ ਦੇ ਲਈ ਜਾਰੀ ਗ੍ਰਾਂਟਾਂ ਨੂੰ ਮਿਤੀ 10-03-2023 ਤੱਕ ਖਰਚ ਕਰਵਾਇਆ ਜਾਵੇ ਅਤੇ ਕੰਮ ਸਮੇਂ ਸਿਰ ਮੁਕੰਮਲ ਕਰਵਾ ਕੇ ਇਨ੍ਹਾਂ ਦੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣ।

28/02/2023

**ਸਹਾਇਕ ਡਾਇਰੈਕਟਰ (ਈ. ਐਂਡ ਆਈ.),**
**ਪੰਜਾਬ।**

ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਫਾਜ਼ਿਲਕਾ
ਪਿੱਠ ਅੰਕਣ ਨੰ ਜੀ-2/1 ( ) 2023/385 ਮਿਤੀ:- 7/3/23
ਉਪਰੋਕਤ ਦਾ ਉਤਾਰਾ ਜਿਲਾ ਫਾਜ਼ਿਲਕਾ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

7/3/23
ਜ਼ਿ. ਸਿ. ਅ. (ਸੈ.ਸਿ)
ਫਾਜ਼ਿਲਕਾ

Scanned with OKEN Scanner